# ਸਕੂਲ ਸਿੱਖਿਆ ਵਿਭਾਗ, ਪੰਜਾਬ

ਪੰਜਾਬ:ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ



# Home Assignment
# Class : 9th
# Social Studies

## Part-1 (History)

## ਇਤਿਹਾਸ

## ਪਾਠ:1(a)

**Segment-1**
(From Text-book Page No. 01 to 02)







ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ (ਅੰਗਰੇਜੀ ਅਤੇ ਸ.ਸ. ਟੀਮ–ਜਲੰਧਰ)

ਜਮਾਤ :ਨੌਵੀਂ ਪਾਠ -1

# ਪੰਜਾਬ:- ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ

- ✓ ਪੰਜਾਬ ਅਜੋਕੇ ਭਾਰਤ ਦਾ ਇੱਕ ਮਹੱਤਵਪੂਰਨ ਸੂਬਾ ਹੈ।
- ✓ ਇਸ ਦਾ ਸਰੂਪ,ਨਾਂ ਅਤੇ ਹੱਦਾਂ ਵਿੱਚ ਤਬਦੀਲੀਆਂ ਹੁੰਦੀਆਂ ਰਹੀਆਂ ਹਨ।
- ✓ ਸੰਸਾਰ ਦੀ ਮਹਾਨ ਸਿੰਧੂ ਘਾਟੀ ਦੀ ਸੱਭਿਅਤਾ (ਹੜੱਪਾ ਸੱਭਿਅਤਾ), ਵਿਸ਼ਵ ਪ੍ਰਸਿੱਧ 'ਤਕਸ਼ਿਲਾ ਵਿਸ਼ਵ ਵਿਦਿਆਲਾ' ਅਤੇ ਪ੍ਰਾਚੀਨ ਗ੍ਰੰਥ 'ਰਿਗਵੇਦ' ਆਦਿ ਦਾ ਸਬੰਧ ਪੰਜਾਬ ਨਾਲ ਹੈ।
- ✓ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਸੰਦੇਸ਼, ਗੁਰੂ ਗੋਬੰਦ ਸਿੰਘ ਜੀ ਦੀ ਖਾਲਸਾ ਪੰਥ ਦੀ ਸਥਾਪਨਾ, ਬੰਦਾ ਸਿੰਘ ਬਹਾਦਰ ਦਾ ਪਹਿਲਾ ਸਿੱਖ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਪ੍ਰਭੂਸੱਤਾ ਸੰਪਨ ਰਾਜ ਪੰਜਾਬ ਵਿੱਚ ਹੀ ਹੋਇਆ ।
- ✓ ਇਸ ਨੂੰ ਮੱਧ ਕਾਲ ਵਿੱਚ ਪੰਜਾਬ ਦਾ ਨਾਂ ਦਿੱਤਾ ਗਿਆ।







ਉਪਰੋਕਤ ਚਿੱਤਰ ਧਿਆਨ ਨਾਲ ਦੇਖੋ ਅਤੇ ਦੱਸੋ ਕਿ ਚਿੱਤਰ ਵਿੱਚ ਦਰਸਾਈ ਗਈ ਇਹ ਰਸਮ ਕਦੋਂ ਅਤੇ ਕਿੱਥੇ ਨਿਭਾਈ ਗਈ?

## ਪੰਜਾਬ ਦੇ ਵੱਖ ਵੱਖ ਇਤਿਹਾਸਕ ਨਾਂ:-

ਪੰਜਾਬ ਨੂੰ ਰਿਗਵੇਦ ਵਿੱਚ ਸਪਤ ਸਿੰਧੂ (ਸੱਤ ਨਦੀਆਂ) ਕਿਹਾ ਗਿਆ ਹੈ ।

ਇਹ ਸੱਤ ਨਦੀਆਂ ਸਿੰਧੂ,ਵਿਤਸਤਾ (ਜਿਹਲਮ),ਅਸਿਕਨੀ (ਚਿਨਾਬ),ਪਰੁਸ਼ਨੀ (ਰਾਵੀ) ਵਿਪਾਸ਼ਾ (ਬਿਆਸ), ਸ਼ਤੁਦਰੀ (ਸਤਲੁਜ) ਅਤੇ ਸਰਸਵਤੀ ਦਾ ਨਾਂ ਦਿੱਤਾ ਗਿਆ ਹੈ ।

ਪ੍ਰਾਚੀਨ ਮਹਾਕਾਵਿ ਰਮਾਇਣ,ਮਹਾਂਭਾਰਤ ਅਤੇ ਪੁਰਾਣਾਂ ਵਿੱਚ ਪੰਜਾਬ ਨੂੰ ਪੰਚਨਦ ਕਿਹਾ ਗਿਆ ਹੈ ।

ਯੂਨਾਨੀਆਂ ਨੇ ਪੈਂਟਾਪੋਟਾਮੀਆ, ਹਿਊਨਸਾਂਗ ਨੇ ਸੇਕੀਆ,ਰਣਜੀਤ ਸਿੰਘ ਨੇ ਲਾਹੌਰ ਸੂਬਾ, ਮੁਗਲ ਸਮਰਾਟ ਅਕਬਰ ਨੇ ਇਸਨੂੰ ਪੰਜਾਬ ਦਾ ਨਾਂ ਦਿੱਤਾ ।

ਇਸ ਨੂੰ ਟੱਕ ਪ੍ਰਦੇਸ਼ ਜਾਂ ਟਕੀ ਵੀ ਕਿਹਾ ਗਿਆ।

1849ਵਿੱਚ ਅੰਗਰੇਜ਼ਾਂ ਨੇ ਪੰਜਾਬ ਨੂੰ ਅੰਗਰੇਜ਼ੀ ਰਾਜ ਵਿੱਚ ਮਿਲਾ ਲਿਆ।

1947 ਵਿੱਚ ਪੰਜਾਬ ਪੂਰਬੀ ਪੰਜਾਬ (ਭਾਰਤ)ਅਤੇ ਪੱਛਮੀ ਪੰਜਾਬ (ਪਾਕਿਸਤਾਨ) ਵਿੱਚ ਵੰਡਿਆ ਗਿਆ।

## 1. ਬਹੁ-ਵਿਕਲਪੀ ਪ੍ਰਸ਼ਨ:-

(1) ਹੁਣ ਇਸ ਨਦੀ ਦੀ ਹੋਂਦ ਖ਼ਤਮ ਹੋ ਗਈ ਹੈ:

(ੳ) ਸਿੰਧੂ
(ਅ) ਬਿਆਸ
(ੲ) ਸਰਸਵਤੀ
(ਸ) ਉਪਰੋਕਤ ਸਾਰੇ

ਸਕੂਲ ਸਿੱਖਿਆ ਵਿਭਾਗ, ਪੰਜਾਬ
ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ

(2) ਪਹਿਲੇ ਸਿੱਖ ਰਾਜ ਦੀ ਸਥਾਪਨਾ ਕਿਸ ਦੁਆਰਾ ਕੀਤੀ ਸੀ?


(ੳ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
(ਅ) ਸ਼੍ਰੀ ਗੁਰੂ ਨਾਨਕ ਦੇਵ ਜੀ
(ੲ) ਬੰਦਾ ਸਿੰਘ ਬਹਾਦਰ
(ਸ) ਮਹਾਰਾਜਾ ਰਣਜੀਤ ਸਿੰਘ

(3) ਖਾਲਸਾ ਪੰਥ ਦੀ ਸਥਾਪਨਾ ਕੀਤੀ ਗਈ:

(ੳ) ਸ਼੍ਰੀ ਗੁਰੂ ਨਾਨਕ ਦੇਵ ਜੀ
(ਅ) ਸ਼੍ਰੀ ਗੁਰੂ ਹਰਗੋਬਿੰਦ ਸਾਹਿਬ
(ੲ) ਸ਼੍ਰੀ ਗੁਰੂ ਗੋਬਿੰਦ ਸਿੰਘ ਜੀ
(ਸ) ਸ਼੍ਰੀ ਗੁਰੂ ਤੇਗ ਬਹਾਦਰ ਜੀ

**(4)** ਚੀਨੀ ਯਾਤਰੀ ਹਿਊਨਸਾਂਗ ਦੁਆਰਾ ਪੰਜਾਬ ਨੂੰ ਕਿਹਾ ਗਿਆ:

(ੳ) ਪੈਂਟਾਪੋਟਾਮੀਆ
(ਅ) ਟਕ ਦੇਸ਼
(ੲ) ਪੰਚਨਦ
(ਸ) ਸੇਕੀਆ




**(5)** ਸਪਤ ਸਿੰਧੂ ਤੋਂ ਭਾਵ ਹੈ:

(ੳ) ਪੰਜ ਨਦੀਆਂ ਦੀ ਧਰਤੀ
(ਅ) ਦੋ ਨਦੀਆਂ ਦੇ ਵਿਚਕਾਰਲਾ ਇਲਾਕਾ
(ੲ) 7 ਨਦੀਆਂ ਦੀ ਧਰਤੀ
(ਸ) ਇਹਨਾਂ ਵਿੱਚੋਂ ਕੋਈ ਨਹੀਂ

## 2.ਖਾਲੀ ਸਥਾਨ ਭਰੋ:-

(ੳ) ਮੱਧ ਕਾਲ ਵਿੱਚ ਇਸ ਪ੍ਰਾਂਤ ਨੂੰ __________ ਦਾ ਨਾਂ ਦਿੱਤਾ ਗਿਆ ਸੀ।

(ਅ) ਰਿਗਵੇਦ ਵਿੱਚ ਪੰਜਾਬ ਨੂੰ ______________ ਕਿਹਾ ਗਿਆ ਹੈ।

(ੲ) ਰਮਾਇਣ, ਮਹਾਂਭਾਰਤ ਅਤੇ ਪੁਰਾਣਾਂ ਵਿੱਚ ਪੰਜਾਬ ਨੂੰ _________ ਕਿਹਾ ਗਿਆ ਹੈ।

(ਸ) ਪੰਜਾਬ ਨੂੰ ਪੈਂਟਾਪੋਟਾਮੀਆ ਦਾ ਨਾਂ ____________ ਨੇ ਦਿੱਤਾ ।

(ਹ) ਬੰਦਾ ਬਹਾਦਰ ਨੇ ___________ ਰਾਜ ਦੀ ਸਥਾਪਨਾ ਕੀਤੀ।

## 3.ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਵਿੱਚ ਦਿਓ:-

(ੳ) ਭਾਰਤ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਦਾ ਨਾਂ ਦੱਸੋ।

(ਅ) ਸੰਸਾਰ ਨੂੰ ਮਨੁੱਖਤਾ ਦਾ ਸੰਦੇਸ਼ ਕਿਸ ਗੁਰੂ ਸਾਹਿਬ ਦੁਆਰਾ ਦਿੱਤਾ ਗਿਆ?

(ੲ) ਖਾਲਸਾ ਪੰਥ ਦੀ ਸਥਾਪਨਾ ਕਿਸ ਦੁਆਰਾ ਕੀਤੀ ਗਈ?

(ਸ) ਅੰਗਰੇਜਾਂ ਨੇ ਪੰਜਾਬ ਨੂੰ ਅੰਗਰੇਜੀ ਰਾਜ ਵਿੱਚ ਕਦੋਂ ਮਿਲਾਇਆ?

(ਹ) ਪੰਜਾਬ ਸ਼ਬਦ ਕਿਹੜੀ ਭਾਸ਼ਾ ਤੋਂ ਬਣਿਆ ਹੈ?

ਅੰਗਰੇਜੀ ਅਤੇ ਸਮਾਜਿਕ ਸਿੱਖਿਆ
ਟੀਮ - ਜਲੰਧਰ

## 4.ਸਹੀ ਮਿਲਾਨ ਕਰੋ:-

| | | |
|---|---|---|
| 1 | ਵਿਤਸਤਾ | ਸਤਲੁਜ |
| 2 | ਅਸਿਕਨੀ | ਜੇਹਲਮ |
| 3 | ਵਿਪਾਸ਼ਾ | ਰਾਵੀ |
| 4 | ਪਰੁਸ਼ਨੀ | ਚਿਨਾਬ |
| 5 | ਸਤੁੱਦਰੀ | ਬਿਆਸ |

## 5.ਸਹੀ / ਗਲਤ ਦਾ ਨਿਸ਼ਾਨ ਲਗਾਓ:-

(ੳ) ਪੰਜਾਬ ਦਾ ਨਾਂ ਅਤੇ ਸਰੂਪ ਸਦਾ ਇਹੀ ਰਿਹਾ ਹੈ।
(ਅ) ਰਿਗਵੇਦ ਦੀ ਰਚਨਾ ਪੰਜਾਬ ਦੀ ਧਰਤੀ ’ਤੇ ਹੋਈ।
(ੲ) ਮੁਗਲ ਸਮਰਾਟ ਅਕਬਰ ਨੇ ਇਸ ਨੂੰ ਪੰਜਾਬ ਦਾ ਨਾਂ ਦਿੱਤਾ।
(ਸ) ਪੈਂਟਾਪੋਟਾਮੀਆ ਦਾ ਅਰਥ ਹੈ ਸੱਤ ਨਦੀਆਂ ਦੀ ਧਰਤੀ।

(ਹ) ‘ਤਕਸ਼ਿਲਾ ਵਿਸ਼ਵ ਵਿਦਿਆਲਾ ਪੰਜਾਬ ਦੀ ਧਰਤੀ ’ਤੇ ਸਥਿਤ ਸੀ।

## 6.ਮਾਈਂਡ ਮੈਪ:-

ਦਿੱਤੇ ਗਏ ਮਾਈਂਡ ਮੈਪ ਵਿੱਚ ਸਪਤ ਸਿੰਧੂ ਦੀਆਂ ਨਦੀਆਂ ਨੂੰ ਪੂਰਾ ਕਰੋ:

| | | | |
|---|---|---|---|
| ਸਿੰਧੂ | | ਚਿਨਾਬ | |

| | | |
|---|---|---|
| ਬਿਆਸ | | ਸਰਸਵਤੀ |

# ਸਕੂਲ ਸਿੱਖਿਆ ਵਿਭਾਗ, ਪੰਜਾਬ

**ਪੰਜਾਬ:ਭੂਗੋਲਿਕ ਵਿਸ਼ੇਸ਼ਤਾਵਾਂ ਅਤੇ ਪ੍ਰਭਾਵ**



# THANKS

**Part-1 (History)**

**ਇਤਿਹਾਸ**

**ਪਾਠ:1(a)**

**Segment-1**

**(From Text-book Page No. 01 to 02)**



